

# ਦਿ ਡਰਾਈਵ

ਫਰਵਰੀ 2019 ਅੰਕ 6



ਫੋਟੋ: ਐੱਸ. ਪਲੈਸਟਡ

## ਇਸ ਐਡੀਸ਼ਨ ਵਿਚ

ਨਵਾਂ ਸਾਲ ਓ ਬੀ ਸੀ ਸੀ ਟੀ ਸੀ ਲਈ ਬਹੁਤ ਸਾਰੀਆਂ ਤਬਦੀਲੀਆਂ ਲਈ ਬਿਜ਼ੀ ਹੁੰਦਾ ਜਾ ਰਿਹਾ ਹੈ। ਅਸੀਂ ਜਨਵਰੀ ਵਿਚ ਆਪਣੇ ਨਵੇਂ ਡਿਪਟੀ ਕਮਿਸ਼ਨਰ ਸ਼ੈਰਲ ਕੌਜਨੀਐਕ ਦਾ ਸੁਆਗਤ ਕੀਤਾ। ਸ਼ੈਰਲ ਬਹੁਤ ਸਾਰੀਆਂ ਚੀਜ਼ਾਂ ਲਈ ਜ਼ਿੰਮੇਵਾਰ ਹੋਣਗੇ ਜਿਨ੍ਹਾਂ ਵਿਚ ਟਰੱਕ ਟੈਗਾਂ ਦੀ ਕਾਰਗੁਜ਼ਾਰੀ ਦੇ ਰਿਵੀਊ ਕਰਨਾ ਅਤੇ ਲੋਕਾਂ ਲਈ ਉਪਲਬਧ ਓ ਬੀ ਸੀ ਸੀ ਟੀ ਸੀ ਦੀ ਪਾਲਸੀ ਅਤੇ ਕਾਰਵਾਈ ਦਾ ਮੈਨੂਅਲ ਵੀ ਸ਼ਾਮਲ ਹਨ। ਮੈਨੂੰ ਉਮੀਦ ਹੈ ਕਿ ਸਰਕਾਰ *ਕਨਟੇਨਰ ਟਰੱਕਿੰਗ ਐਕਟ* ਅਤੇ *ਰੈਗੂਲੇਸ਼ਨ* ਦੇ ਓ ਬੀ ਸੀ ਸੀ ਟੀ ਸੀ ਦੇ ਰਿਵੀਊ ਦਾ ਜਵਾਬ ਦੇਵੇਗੀ ਅਤੇ ਓ ਬੀ ਸੀ ਸੀ ਟੀ ਸੀ ਦੇ ਸਲਾਹ-ਮਸ਼ਵਰੇ ਦਾ ਕਾਰਜ ਪੂਰਾ ਹੋ ਜਾਣ ਤੋਂ ਬਾਅਦ ਟੈਗ ਮੈਨੇਜਮੈਂਟ ਪਾਲਸੀ ਵਿਚ ਸੋਧ ਕੀਤੀ ਜਾਵੇਗੀ।

ਟਰੱਗ ਟੈਗਜ਼ ਇੰਡਸਟਰੀ ਵਿਚ ਗੱਲਬਾਤ ਦਾ ਕੇਂਦਰ ਬਣਨਾ ਜਾਰੀ ਹਨ। ਓ ਬੀ ਸੀ ਸੀ ਟੀ ਸੀ ਆਪਣੀਆਂ ਮਹੀਨੇ ਬਾਅਦ ਅਪਡੇਟਸ ਵਿਚ ਪਿਛਲੇ ਮਹੀਨਿਆਂ ਦੌਰਾਨ ਜਾਰੀ ਕੀਤੇ ਗਏ ਅਤੇ ਵਾਪਸ ਲਏ ਗਏ ਨਵੇਂ ਟੈਗਾਂ ਦੀ ਰਿਪੋਰਟ ਦੇ ਰਿਹਾ ਹੈ। ਡਰਾਈਵਰ ਸ਼ਾਇਦ ਫਿਕਰਮੰਦ ਹੋ ਸਕਦੇ ਹਨ ਕਿ ਓ ਬੀ ਸੀ ਸੀ ਟੀ ਸੀ ਵੱਡੀ ਗਿਣਤੀ ਵਿਚ ਨਵੇਂ ਟੈਗ ਜਾਰੀ ਕਰ ਰਿਹਾ ਹੈ ਅਤੇ ਇਹ ਕਿ ਇਸ ਵੇਲੇ ਟੈਗਾਂ ਦੀ ਗਿਣਤੀ, ਟੈਗਾਂ ਦੀ ਉਸ ਗਿਣਤੀ ਨਾਲੋਂ ਜ਼ਿਆਦਾ ਹੈ ਜਿਹੜੀ 2015 ਵਿਚ ਓ ਬੀ ਸੀ ਸੀ ਟੀ ਸੀ ਬਣਨ ਵੇਲੇ ਸਿਸਟਮ ਵਿਚ ਸੀ। ਕੇਸ ਇਹ ਨਹੀਂ ਹੈ। ਸਾਲ 2015 ਵਿਚ, 1739 ਟੈਗ ਸਨ। ਸਾਲ 2018 ਵਿਚ ਲਾਇਸੰਸਿੰਗ ਤੋਂ ਬਾਅਦ 1746 ਟੈਗ ਸਨ।

ਇਸ ਦਾ ਮਤਲਬ ਇਹ ਨਹੀਂ ਹੈ ਕਿ ਓ ਬੀ ਸੀ ਸੀ ਟੀ ਸੀ ਦੀ ਟੈਗ ਮੈਨੇਜਮੈਂਟ ਪਾਲਸੀ ਬਿਹਤਰੀ ਲਈ ਬਦਲੀ ਨਹੀਂ ਜਾ ਸਕਦੀ। ਉਦਾਹਰਣ ਲਈ, ਆਈ/ਓਜ਼ ਉਨ੍ਹਾਂ ਕੰਪਨੀਆਂ ਵੱਲ ਮੂਵ ਨਹੀਂ ਹੋ ਰਹੇ ਜਿਹੜੇ ਸਹੀ ਰੇਟਾਂ 'ਤੇ ਕੰਮ ਦੀ ਵਾਜਬ ਮਾਤਰਾ ਦਿੰਦੇ ਹਨ। ਮੈਂ ਆਈ/ਓ ਦੀ ਜ਼ਿਆਦਾ ਮੂਵਮੈਂਟ ਕਰਨ ਦੇ ਤਰੀਕੇ ਪਤਾ ਲਾਉਣ ਵਿਚ ਦਿਲਚਸਪੀ ਰੱਖਦਾ ਹਾਂ ਅਤੇ ਸਦਾ ਵਾਂਗ, ਇਸ ਬਾਰੇ ਅਤੇ ਟੈਗ ਮੈਨੇਜਮੈਂਟ ਪਾਲਸੀ ਦੇ ਕਿਸੇ ਵੀ ਪੱਖ ਬਾਰੇ ਡਰਾਈਵਰਾਂ ਦੇ ਵਿਚਾਰਾਂ ਦਾ ਸੁਆਗਤ ਹੈ।

ਇੱਕੋ ਵੇਲੇ ਇਕ ਨਾਲੋਂ ਜ਼ਿਆਦਾ ਕਨਟੇਨਰ ਮੂਵ ਕਰਨ ਲਈ ਡਰਾਈਵਰ ਦੀ ਤਨਖਾਹ ਬਾਰੇ ਇਕ ਜ਼ਰੂਰੀ ਬੁਲੇਟਿਨ ਇਸ ਅੰਕ ਵਿਚ ਦਿੱਤਾ ਗਿਆ ਹੈ ਅਤੇ ਇਸ ਦੇ ਨਾਲ ਨਾਲ ਕੁਝ ਤਾਜ਼ਾ ਫੈਸਲੇ ਵੀ ਦਿੱਤੇ ਗਏ ਹਨ ਜਿਹੜੇ ਲਸੰਸਧਾਰੀਆਂ ਨੂੰ ਕਾਨੂੰਨ ਅਤੇ ਲਸੰਸ ਹੇਠ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਚੰਗੀ ਤਰ੍ਹਾਂ ਚੇਤਾ ਕਰਵਾਉਣ ਵਾਲੇ ਹੋਣੇ ਚਾਹੀਦੇ ਹਨ।

ਮੈਨੂੰ ਆਸ ਹੈ ਕਿ ਡਰਾਈਵਰਾਂ ਨਾਲ ਗੱਲਬਾਤ 'ਤੇ ਓ ਬੀ ਸੀ ਸੀ ਟੀ ਸੀ ਦੇ ਜ਼ਿਆਦਾ ਧਿਆਨ ਦਾ ਸੁਆਗਤ ਹੋਵੇਗਾ ਅਤੇ ਮੈਨੂੰ ਇਸ ਸਾਲ ਤੁਹਾਡੇ ਨਾਲ ਲਗਾਤਾਰ ਵੱਧ ਤੋਂ ਵੱਧ ਗੱਲਬਾਤ ਕਰਨ ਦੀ ਤਾਂਘ ਨਾਲ ਉਡੀਕ ਰਹੇਗੀ।

ਸੱਚੇ ਦਿਲੋਂ,
*ਮਾਈਕਲ ਕਰੌਫਰਡ*
ਕਮਿਸ਼ਨਰ

## ਲਸੰਸੀਆਂ ਅਤੇ ਡਰਾਈਵਰਾਂ ਲਈ ਸ੍ਰੋਤ

- **ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ ("ਓ ਬੀ ਸੀ ਸੀ ਟੀ ਸੀ")**
  604-660-6051
  obcctc.ca
- **ਕੌਨਫੀਡੈਂਸ਼ਲ ਡਰੇਅਜ ਕਮਪਲੇਂਟ ਲਾਈਨ (ਗੁਪਤ ਲਾਈਨ)**
  1-877-713-5109
  drayage.confidenceline.net
- **ਪੀ ਐੱਮ ਵੀ ਟੀ ਐੱਲ ਐੱਸ ਐਡਮਿਨਸਟਰੇਟਰ**
  604-665-9333
- **ਬੀ ਸੀ ਟਰੱਕਿੰਗ ਐਸੋਸੀਏਸ਼ਨ**
  604-888-5319
- **ਪੇਅ ਰੇਟ ਸਮਰੀ**
  obcctc.ca/rate-summary
- **ਔਨ-ਡੌਕ ਰੇਟ ਸਕੈਜੂਅਲ**
  obcctc.ca/on-dock
- **ਔਫ-ਡੌਕ ਰੇਟ ਸਕੈਜੂਅਲ**
  obcctc.ca/off-dock
- **ਓ ਬੀ ਸੀ ਸੀ ਟੀ ਸੀ ਦੇ ਫੈਸਲੇ**
  obcctc.ca/decisions
- **ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
  obcctc.ca/policies
- **ਓ ਬੀ ਸੀ ਸੀ ਟੀ ਸੀ ਇੰਡਸਟਰੀ ਮੀਮੋਜ਼**
  obcctc.ca/industry-memos
- **ਕਨਟੇਨਰ ਟਰੱਕਿੰਗ ਐਕਟ**
  bclaws.ca/civix/document/id/consol 28/consol28/14028_01
- **ਕਨਟੇਨਰ ਟਰੱਕਿੰਗ ਰੈਗੂਲੇਸ਼ਨ**
  bclaws.ca/civix/document/id/complete/statreg/248_2014

# ਟੈਗ ਮੈਨੇਜਮੈਂਟ ਪਾਲਸੀ ਦਾ ਰਿਵੀਊ

20 ਦਸੰਬਰ, 2018 ਨੂੰ ਓ ਬੀ ਸੀ ਸੀ ਟੀ ਸੀ ਨੇ ਆਪਣੇ ਟੈਗ ਮੈਨੇਜਮੈਂਟ ਪਾਲਸੀ ਦੇ ਰਿਵੀਊ ਲਈ ਲਿਖਤੀ ਵਿਚਾਰ ਲੈਣ ਦੀ ਅੰਤਿਮ ਤਾਰੀਕ ਵਧਾ ਦਿੱਤੀ ਸੀ। ਓ ਬੀ ਸੀ ਸੀ ਟੀ ਸੀ ਨੂੰ ਡਰਾਈਵਰਾਂ ਅਤੇ ਟਰੱਕਿੰਗ ਕੰਪਨੀਆਂ ਦੇ ਨੁਮਾਇੰਦਿਆਂ ਤੋਂ ਕੁਝ ਵਿਚਾਰ ਮਿਲੇ ਹਨ ਪਰ ਇਸ ਮਾਮਲੇ ਬਾਰੇ ਆਈ/ਓਜ਼ ਨਾਲ ਬਹੁਤ ਘੱਟ ਗੱਲ ਹੋਈ ਹੈ।

ਮਿਲੇ ਵਿਚਾਰ ਇਹ ਇਸ਼ਾਰਾ ਕਰਦੇ ਹਨ ਕਿ ਆਈ/ਓਜ਼ ਅਜਿਹਾ ਟੈਗ ਸਿਸਟਮ ਚਾਹੁਣਾ ਜਾਰੀ ਰੱਖ ਰਹੇ ਹਨ ਜਿਹੜਾ ਉਨ੍ਹਾਂ ਨੂੰ ਮਿਲਣ ਵਾਲੇ ਕੰਮ ਦੀ ਮਾਤਰਾ ਅਤੇ ਕਿਸਮ ਦੀ ਚੋਣ ਕਰਨ ਵਿਚ ਲਚਕਸ਼ੀਲਤਾ ਦਿੰਦਾ ਹੈ। ਲਸੰਸਧਾਰੀਆਂ ਨੇ ਬਹੁਤਾ ਕਰਕੇ ਆਪਣੇ ਵਿਚਾਰ ਕਮਿਸ਼ਨਰ ਦੀ ਆਈ/ਓ ਲਿਸਟ ਅਤੇ ਇਸ ਦੇ ਲਸੰਸੀਆਂ ਨੂੰ ਰੱਖਣ ’ਤੇ ਅਸਰ ਬਾਰੇ ਦਿੱਤੇ ਹਨ।

ਹਿੱਤ ਰੱਖਣ ਵਾਲੀਆਂ ਧਿਰਾਂ ਤੋਂ ਲਿਖਤੀ ਵਿਚਾਰ ਮਿਲਣ ਦੀ ਅੰਤਿਮ ਤਾਰੀਕ 1 ਫਰਵਰੀ, 2019 ਸੀ। ਨਵੀਂ/ਸੋਧੀ ਹੋਈ ਪਾਲਸੀ ਜਾਰੀ ਕਰਨ ਤੋਂ ਪਹਿਲਾਂ ਓ ਬੀ ਸੀ ਸੀ ਟੀ ਸੀ ਅਗਾਂਹ ਹਿੱਤ ਰੱਖਣ ਵਾਲੀਆਂ ਧਿਰਾਂ ਦੇ ਵਿਚਾਰ ਜਾਣਨ ਲਈ ਪਾਲਸੀ ਵਿਚ ਤਜਵੀਜ਼ਸ਼ੁਦਾ ਸੋਧਾਂ ਜਾਰੀ ਕਰੇਗਾ। ਓ ਬੀ ਸੀ ਸੀ ਟੀ ਸੀ ਨੂੰ ਲਿਖਤੀ ਵਿਚਾਰ ਅਜੇ ਵੀ ਅੱਗੇ ਦਿੱਤੇ ਈਮੇਲ ਐਡਰੈਸ ’ਤੇ ਭੇਜੇ ਜਾ ਸਕਦੇ ਹਨ:

**Registrar@obcctc.ca**

## ਕੀ ਤੁਹਾਨੂੰ ਪਤਾ ਹੈ?

**ਲਸੰਸੀ ਟਰੱਕਰਾਂ ਨੂੰ ਉਨ੍ਹਾਂ ਦੀ ਤਨਖਾਹ ਬਾਰੇ ਧਮਕੀਆਂ ਦੇ ਰਹੇ ਹਨ**

ਕਨਟੇਨਰ ਟਰੱਕਿੰਗ ਸਰਵਿਸਿਜ਼ ਲਸੰਸ ਕਹਿੰਦਾ ਹੈ ਕਿ ਲਸੰਸਧਾਰੀ ਕਿਸੇ ਵੀ ਟਰੱਕਰ ਨੂੰ, ਟਰੱਕਰ ਦੇ ਤਨਖਾਹ ਲੈਣ ਦੇ ਹੱਕ ਦੇ ਸੰਬੰਧ ਵਿਚ, ਸਿੱਧੇ ਜਾਂ ਅਸਿੱਧੇ ਧਮਕੀ ਨਹੀਂ ਦੇ ਸਕਦੇ, ਪਰੇਸ਼ਾਨ ਨਹੀਂ ਕਰ ਸਕਦੇ, ਦਬਾ ਨਹੀਂ ਪਾ ਸਕਦੇ ਜਾਂ ਕਿਸੇ ਵੀ ਤਰੀਕੇ ਨਾਲ ਉਸ ਉੱਪਰ ਅਸਰ ਪਾਉਣ ਦੀ ਕੋਸ਼ਿਸ਼ ਨਹੀਂ ਕਰ ਸਕਦੇ।

**ਕਿਸੇ ਸ਼ਿਕਾਇਤ, ਇੰਸਪੈਕਸ਼ਨ ਜਾਂ ਪੜਤਾਲ ਕਰਕੇ ਟਰੱਕਰਾਂ ਨਾਲ ਮਾੜਾ ਵਰਤਾਉ ਕਰਨਾ**

*ਐਕਟ* ਦਾ ਸੈਕਸ਼ਨ 28 ਕਹਿੰਦਾ ਹੈ ਕਿ ਕਿਸੇ ਸ਼ਿਕਾਇਤ, ਓ ਬੀ ਸੀ ਸੀ ਟੀ ਸੀ ਦੀ ਇੰਸਪੈਕਸ਼ਨ ਜਾਂ ਪੜਤਾਲ ਹੋਣ ਕਰਕੇ ਕੋਈ ਵੀ ਲਸੰਸੀ ਕਿਸੇ ਟਰੱਕਰ ਨੂੰ ਅੱਗੇ ਲਿਖੀਆਂ ਚੀਜ਼ਾਂ ਨਹੀਂ ਕਰ ਸਕਦਾ:

- ਕਿਸੇ ਟਰੱਕਰ ਨੂੰ ਕੰਮ ’ਤੇ ਰੱਖਣ ਜਾਂ ਕੰਮ ’ਤੇ ਰੱਖੀ ਰੱਖਣ ਜਾਂ ਕੰਮ ਜਾਰੀ ਰੱਖਣ ਜਾਂ ਟਰੱਕਰ ਨੂੰ ਰੱਖੀ ਰੱਖਣ ਤੋਂ ਨਾਂਹ ਨਹੀਂ ਕਰ ਸਕਦਾ;
- ਟਰੱਕਰ ਨੂੰ ਧਮਕੀਆਂ ਨਹੀਂ ਦੇ ਸਕਦਾ;
- ਕਨਟੇਨਰ ਟਰੱਕਿੰਗ ਸੇਵਾਵਾਂ ਦੇ ਸੰਬੰਧ ਵਿਚ ਕਿਸੇ ਟਰੱਕਰ ਨਾਲ ਵਿਤਕਰਾ ਨਹੀਂ ਕਰ ਸਕਦਾ ਜਾਂ ਵਿਤਕਰਾ ਕਰਨ ਦੀ ਧਮਕੀ ਨਹੀਂ ਦੇ ਸਕਦਾ; ਅਤੇ
- ਟਰੱਕਰ ਨੂੰ ਡਰਾ ਜਾਂ ਦਬਾ ਨਹੀਂ ਸਕਦਾ ਜਾਂ ਕੋਈ ਵਿੱਤੀ ਜਾਂ ਹੋਰ ਜੁਰਮਾਨਾ ਨਹੀਂ ਲਗਾ ਸਕਦਾ।

**ਆਪਣੇ ਖੁਦ ਦੇ ਰਿਕਾਰਡ ਰੱਖੋ**

ਦਿਨ ਵਿਚ ਲਗਾਏ ਗਏ ਟ੍ਰਿਪਾਂ ਅਤੇ ਕੰਮ ਦੇ ਘੰਟਿਆਂ ਦੇ ਆਪਣੇ ਰਿਕਾਰਡ ਰੱਖ ਕੇ ਡਰਾਈਵਰ ਓ ਬੀ ਸੀ ਸੀ ਟੀ ਸੀ ਦੇ ਔਡੀਟਰਾਂ ਦੀ ਮਦਦ ਕਰ ਸਕਦੇ ਹਨ। ਜੇ ਤੁਸੀਂ ਆਪਣੇ ਰਿਕਾਰਡ ਰੱਖਦੇ ਹੋ ਤਾਂ ਕਿਰਪਾ ਕਰਕੇ ਇਹ ਵੀ ਨੋਟ ਕਰ ਲਉ ਕਿ ਤੁਸੀਂ ਕਦੋਂ ਕਨਟੇਨਰ ਟਰੱਕਿੰਗ ਦੀਆਂ ਸੇਵਾਵਾਂ ਦੇ ਰਹੇ ਸੀ ਕਿਉਂਕਿ ਕੁਝ ਡਰਾਈਵਰ ਰਲਵਾਂ ਕੰਮ ਕਰਦੇ ਹਨ। ਕੰਪਨੀ ਦੇ ਰਿਕਾਰਡਾਂ ਦੀ ਪੜਚੋਲ ਕਰਨ ਵੇਲੇ ਇਹ ਚੀਜ਼ ਓ ਬੀ ਸੀ ਸੀ ਟੀ ਸੀ ਦੇ ਔਡੀਟਰਾਂ ਦੀ ਬਹੁਤ ਜ਼ਿਆਦਾ ਮਦਦ ਕਰੇਗੀ।

## ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵਲੋਂ ਤਾਜ਼ਾ ਜਾਣਕਾਰੀ

**ਤੁਹਾਡੀ ਮਦਦ ਕਰਨ ਵਿਚ ਸਾਡੀ ਮਦਦ ਕਰੋ! ਜੇ ਤੁਹਾਡੇ ਮਨ ਵਿਚ ਆਪਣੀ ਤਨਖਾਹ ਬਾਰੇ ਅਤੇ ਕੰਮ ਦੇ ਘੰਟਿਆਂ ਦੀ ਗਿਣਤੀ ਜਾਂ ਲਾਏ ਗਏ ਟ੍ਰਿਪਾਂ ਬਾਰੇ ਕੋਈ ਫਿਕਰ ਹੋਵੇ ਤਾਂ ਇਸ ਦਾ ਰਿਕਾਰਡ ਰੱਖੋ। ਤੁਹਾਡੀ ਰਾਇ ਓ ਬੀ ਸੀ ਸੀ ਟੀ ਸੀ ਦੇ ਨਿਯਮਾਂ ਦੀ ਪਾਲਣਾ ਕਰਵਾਉਣ ਵਿਚ ਔਡੀਟਰਾਂ ਦੀ ਮਦਦ ਕਰੇਗੀ।**




**ਆਡਿਟ ਲਈ ਕੰਪਨੀਆਂ ਦੀ ਚੋਣ ਬਿਨਾਂ ਸੋਚੇ ਸਮਝੇ ਕੀਤੀ ਜਾਂਦੀ ਹੈ ਜਾਂ ਕਿਸੇ ਸ਼ਿਕਾਇਤ ਦੇ ਨਤੀਜੇ ਵਜੋਂ ਕੀਤੀ ਜਾਂਦੀ ਹੈ।**

# ਕੀ ਨਵਾਂ ਹੈ !

### *ਡਿਪਟੀ ਕਮਿਸ਼ਨਰ ਦੀ ਨਿਯੁਕਤੀ*

8 ਜਨਵਰੀ, 2019 ਨੂੰ ਓ ਬੀ ਸੀ ਸੀ ਟੀ ਸੀ ਨੇ ਇਕ ਬੁਲੇਟਿਨ ਜਾਰੀ ਕੀਤਾ (ਜੋ ਕਿ ਓ ਬੀ ਸੀ ਸੀ ਟੀ ਸੀ ਦੇ ਵੈੱਬਸਾਈਟ 'ਤੇ ਦੇਖਿਆ ਜਾ ਸਕਦਾ ਹੈ) ਜਿਸ ਵਿਚ ਸ਼ੈਰਲ ਕੌਜਨੀਐਕ ਨੂੰ ਡਿਪਟੀ ਕਮਿਸ਼ਨਰ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਗਿਆ ਹੈ। ਸ਼ੈਰਲ ਇਸ ਅਹੁਦੇ ਲਈ ਪਬਲਿਕ ਸੈਕਟਰ ਦਾ 20 ਸਾਲ ਦਾ ਤਜਰਬਾ ਲੈ ਕੇ ਆਏ ਹਨ ਅਤੇ ਉਨ੍ਹਾਂ ਨੇ ਵੱਖ ਵੱਖ ਰੈਗੂਲੇਟਰੀ, ਸਰਵਿਸ ਡਲਿਵਰੀ ਅਤੇ ਪ੍ਰੋਗਰਾਮ ਤਿਆਰ ਕਰਨ ਵਾਲੇ ਸੂਬਾਈ ਵਿਭਾਗਾਂ ਅਤੇ ਏਜੰਸੀਆਂ ਵਿਚ ਸੀਨੀਅਰ ਅਹੁਦਿਆਂ 'ਤੇ ਕੰਮ ਕੀਤਾ ਹੈ।

### *ਆਈ/ਓ, ਦੋ ਕਨਟੇਨਰ ਮੂਵ ਕਰਨ ਵੇਲੇ ਔਫ-ਡੌਕ ਟ੍ਰਿਪ ਰੇਟ*

ਓ ਬੀ ਸੀ ਸੀ ਟੀ ਸੀ ਦੇ ਇਕ ਤਾਜ਼ਾ ਬੁਲੇਟਿਨ ਵਿਚ (ਜੋ ਕਿ ਓ ਬੀ ਸੀ ਸੀ ਟੀ ਸੀ ਦੇ ਵੈੱਬਸਾਈਟ 'ਤੇ ਦੇਖਿਆ ਜਾ ਸਕਦਾ ਹੈ) ਕਮਿਸ਼ਨਰ ਨੇ ਹਿੱਤ ਰੱਖਣ ਵਾਲੀਆਂ ਸਾਰੀਆਂ ਧਿਰਾਂ ਨੂੰ ਇਹ ਦੱਸਿਆ ਹੈ ਕਿ ਆਈ/ਓਜ਼ (ਰੈਗੂਲੇਸ਼ਨ ਦੇ ਸੈਕਸ਼ਨ 12(3)(ਬੀ) ਹੇਠ) ਨੂੰ ਉਦੋਂ ਔਫ-ਡੌਕ ਟ੍ਰਿਪ ਰੇਟ ਦਾ 1.5 ਗੁਣਾ ਮਿਲਣਾ ਚਾਹੀਦਾ ਹੈ ਜਦੋਂ ਦੋ ਭਰੇ ਹੋਏ ਜਾਂ ਖਾਲੀ ਕਨਟੇਨਰ ਇਕ ਟ੍ਰਿਪ ਵਿਚ ਇਕ ਨਾਲੋਂ ਜ਼ਿਆਦਾ ਚੈਸੀਆਂ ਉੱਪਰ ਮੂਵ ਕੀਤੇ ਜਾ ਰਹੇ ਹੁੰਦੇ ਹਨ। ਜਦੋਂ ਇਕ ਟ੍ਰਿਪ ਵਿਚ ਇਕ ਚੈਸੀ ਉੱਪਰ ਦੋ ਖਾਲੀ ਕਨਟੇਨਰ ਮੂਵ ਕੀਤੇ ਜਾਂਦੇ ਹਨ ਤਾਂ ਸਿਰਫ ਔਫ-ਡੌਕ ਟ੍ਰਿਪ ਰੇਟ ਲਾਗੂ ਹੁੰਦੇ ਹਨ।

### *ਸੀ ਟੀ ਐੱਸ ਲਸੰਸ ਟੈਗ ਮੈਨੇਜਮੈਂਟ ਪਾਲਸੀ – ਆਈ/ਓ ਲਿਸਟ*

ਓ ਬੀ ਸੀ ਸੀ ਟੀ ਸੀ ਨੇ ਇਕ ਬੁਲੇਟਿਨ ਜਾਰੀ ਕੀਤਾ ਹੈ (ਜੋ ਕਿ ਓ ਬੀ ਸੀ ਸੀ ਟੀ ਸੀ ਦੇ ਵੈੱਬਸਾਈਟ 'ਤੇ ਦੇਖਿਆ ਜਾ ਸਕਦਾ ਹੈ) ਜੋ ਹਿੱਤ ਰੱਖਣ ਵਾਲੀਆਂ ਧਿਰਾਂ ਨੂੰ ਇਹ ਦੱਸਦਾ ਹੈ ਕਿ ਆਈ/ਓ ਲਿਸਟ ਉੱਪਰ ਯੋਗ ਆਈ/ਓਜ਼ ਨਹੀਂ ਹਨ ਅਤੇ ਵੱਡੀ ਗਿਣਤੀ ਵਿਚ ਖਾਲੀ ਆਈ/ਓ ਟੈਗਜ਼ ਮੌਜੂਦ ਹਨ ਜਿਹੜੇ ਭਰੇ ਨਹੀਂ ਜਾ ਸਕਦੇ। ਆਈ/ਓਜ਼ ਕੰਪਨੀਆਂ ਤੋਂ ਮੂਵ ਹੋਣ ਦੇ ਮੌਕੇ ਲੈਣ ਅਤੇ ਖਾਲੀ ਟੈਗ ਭਰਨ ਤੋਂ ਇਨਕਾਰ ਕਰਨਾ ਜਾਰੀ ਰੱਖ ਰਹੇ ਹਨ। ਜੇ ਕੁਝ ਖਾਲੀ ਟੈਗ ਭਰੇ ਨਹੀਂ ਜਾਂਦੇ ਤਾਂ ਓ ਬੀ ਸੀ ਸੀ ਟੀ ਸੀ ਕੁਝ ਨਵੇਂ ਯੋਗ ਆਈ/ਓਜ਼ ਨੂੰ ਆਈ/ਓ ਲਿਸਟ ਉੱਪਰ ਪਾਵੇਗਾ।

### *ਤਾਜ਼ਾ ਫੈਸਲੇ*

ਸੰਧਰ ਟਰੱਕਿੰਗ ਲਿਮਟਿਡ, ਸੀ ਟੀ ਸੀ ਦੇ ਫੈਸਲਾ ਨੰਬਰ 28/2018 (ਸੀ ਟੀ ਸੀ ਦੇ ਫੈਸਲਾ ਨੰਬਰ 18/2018 'ਤੇ ਮੁੜ ਵਿਚਾਰ ਕਰਨ ਲਈ ਅਰਜ਼ੀ) ਵਿਚ, ਐਕਟ ਦੇ ਸੈਕਸ਼ਨ 24 ਅਤੇ ਕਨਟੇਨਰ ਟਰੱਕਿੰਗ ਸਰਵਿਸਿਜ਼ ਲਾਇਸੰਸ ਦੇ ਸਕੈਜੂਅਲ 1 ਲਈ ਅੰਤਿਕਾ ਏ ਦੇ ਸੈਕਸ਼ਨ 1(ਐੱਚ) ਦੀ ਉਲੰਘਣਾ ਲਈ ਜੁਰਮਾਨਾ ਲਗਾਇਆ ਗਿਆ ਸੀ। ਇਹ ਜ਼ਾਹਰ ਹੋਇਆ ਕਿ ਸੈਕਸ਼ਨ 24 ਦੀ ਉਲੰਘਣਾ ਹੋਈ ਹੈ ਭਾਵੇਂ ਇਹ ਮਰਜ਼ੀ ਨਾਲ ਹੋਇਆ ਹੋਵੇ ਅਤੇ ਲਸੰਸਧਾਰੀਆਂ ਨੂੰ ਐਕਟ ਅਧੀਨ ਡਰਾਈਵਰਾਂ ਦੀ ਰਹਿੰਦੀ ਤਨਖਾਹ ਵਾਪਸ ਲੈਣ ਜਾਂ ਕੋਲ ਰੱਖਣ ਦੀ ਆਜ਼ਾਦੀ ਨਹੀਂ ਹੈ।

ਹੱਚੀਸਨ ਕਾਰਗੋ ਟਰਮੀਨਲ ਇੰਕ, (ਸੀ ਟੀ ਸੀ ਦਾ ਫੈਸਲਾ ਨੰਬਰ 27/2018) ਵਿਚ ਜੁਰਮਾਨਾ ਲਗਾਇਆ ਗਿਆ ਸੀ ਕਿਉਂਕਿ ਹੱਚੀਸਨ ਨੇ ਮਿੱਥੇ ਰੇਟ ਨਹੀਂ ਦਿੱਤੇ ਅਤੇ ਐਕਟ ਦੇ ਸੈਕਸ਼ਨ 25 ਅਤੇ ਕਨਟੇਨਰ ਟਰੱਕਿੰਗ ਸਰਵਿਸਿਜ਼ ਲਾਇਸੰਸ ਦੇ ਸਕੈਜੂਅਲ 1 ਲਈ ਅੰਤਿਕਾ ਡੀ ਹੇਠ ਇਸ ਨੇ ਰਿਕਾਰਡ ਰੱਖਣ ਦੀਆਂ ਆਪਣੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਜਦੋਂ ਇਹ ਹਰ ਉਸ ਟਰੱਕਰ ਲਈ ਰਿਕਾਰਡ ਪ੍ਰਦਾਨ ਕਰਨ ਦੇ ਯੋਗ ਨਹੀਂ ਹੋਈ ਸੀ ਜਿਸ ਨੇ ਇਸ ਦੀ ਤਰਫੋਂ ਕਨਟੇਨਰ ਟਰੱਕਿੰਗ ਦੀਆਂ ਸੇਵਾਵਾਂ ਦਿੱਤੀਆਂ ਸਨ। ਜੁਰਮਾਨੇ ਦਾ ਮਕਸਦ ਲਸੰਸਧਾਰੀਆਂ ਨੂੰ ਇਹ ਸੁਨੇਹਾ ਭੇਜਣਾ ਸੀ ਕਿ ਰਿਕਾਰਡ ਦੇਣ ਵਿਚ ਫੇਲ੍ਹ ਹੋਣਾ, ਪੈਸਿਆਂ ਦੀ ਰਕਮ ਨੂੰ ਘੱਟ ਕਰਨ ਲਈ ਵਰਤਣ ਦਾ ਕੋਈ ਤਰੀਕਾ ਨਹੀਂ ਹੈ ਜਿਹੜੇ ਔਡਿਟ ਵਿਚ ਦੇਣ ਵਾਲੇ ਰਹਿੰਦੇ ਹੋਣ ਦਾ ਪਤਾ ਲੱਗ ਸਕਦਾ ਹੈ।

### *ਬਦਲਵੇਂ ਫਿਊਲ ਵਾਲੇ ਕਨਟੇਨਰ ਟਰੱਕਾਂ ਨੂੰ ਟੈੱਸਟ ਕਰਨ ਲਈ ਨਵਾਂ ਪਾਇਲਟ ਪ੍ਰੋਗਰਾਮ*

ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ, ਬੀ.ਸੀ. ਸੂਬੇ ਅਤੇ ਟ੍ਰਾਂਸਲਿੰਕ ਦੇ ਸਹਿਯੋਗ ਨਾਲ, ਬਦਲਵੇਂ ਫਿਊਲ ਵਾਲੇ ਕਨਟੇਨਰ ਟਰੱਕਾਂ ਨੂੰ ਟੈੱਸਟ ਕਰਨ ਲਈ ਇਕ ਨਵੇਂ ਉੱਦਮ ਦੀ ਤਜਵੀਜ਼ ਦੇ ਰਹੀ ਹੈ।

ਟੈੱਸਟ ਕਰਨ ਦਾ ਇਹ ਪ੍ਰੋਗਰਾਮ ਅੱਧ 2019 ਤੱਕ ਤਿਆਰ ਹੋਣ ਦੀ ਉਮੀਦ ਹੈ ਜਦੋਂ ਟੀ ਐੱਲ ਐੱਸ ਦੇ ਲੋਕਲ ਡਰਾਈਵਰਾਂ ਨੂੰ ਨਵੇਂ ਬਦਲਵੇਂ ਫਿਊਲ ਕਲਾਸ 8 ਵਾਲੇ ਟਰੱਕਾਂ ਨੂੰ ਸੜਕ ਉੱਪਰ ਟੈੱਸਟ ਕਰਨ, ਅਤੇ ਆਪਣੇ ਤਜਰਬੇ ਬਾਰੇ ਵਿਚਾਰ ਦੱਸਣ ਦਾ ਮੌਕਾ ਦਿੱਤਾ ਜਾਵੇਗਾ, ਜਿਹੜਾ ਟਰੱਕਿੰਗ ਇੰਡਸਟਰੀ ਦੀ ਲਗਾਤਾਰ ਹੋਣ ਵਾਲੀ ਤਰੱਕੀ ਲਈ ਭਵਿੱਖ ਦੇ ਬੁਨਿਆਦੀ ਢਾਂਚੇ (ਇਨਫਰਾਸਟਰੱਕਚਰ) ਨੂੰ ਸੇਧ ਦੇਣ ਵਿਚ ਮਦਦ ਕਰੇਗਾ। ਹਿੱਸਾ ਲੈਣ ਲਈ ਟਰੱਕਿੰਗ ਕੰਪਨੀਆਂ ਜਾਂ ਡਰਾਈਵਰਾਂ ਨੂੰ ਕੋਈ ਖਰਚਾ ਨਹੀਂ ਦੇਣਾ ਪਵੇਗਾ ਅਤੇ ਹਿੱਸਾ ਲੈਣਾ ਮਰਜ਼ੀ 'ਤੇ ਨਿਰਭਰ ਹੋਵੇਗਾ।

ਤਜਵੀਜ਼ਸ਼ੁਦਾ ਕਲੀਨ ਟਰੱਕਿੰਗ ਪਾਇਲਟ ਪ੍ਰੋਗਰਾਮ ਅਜੇ ਤਿਆਰ ਹੋ ਰਿਹਾ ਹੈ। 17 ਦਸੰਬਰ, 2018 ਨੂੰ ਟ੍ਰਾਂਸਪੋਰਟੇਸ਼ਨ ਐਨਰਜੀ ਕੰਪਨੀਆਂ ਨੂੰ ਆਪਣੀ ਦਿਲਚਸਪੀ ਜ਼ਾਹਰ ਕਰਨ ਲਈ ਕਿਹਾ ਗਿਆ ਸੀ, ਜਿਨ੍ਹਾਂ ਦੀ ਪ੍ਰੋਗਰਾਮ ਅਤੇ ਸੰਬੰਧਿਤ ਬੁਨਿਆਦੀ ਢਾਂਚਾ ਤਿਆਰ ਕਰਨ ਵਿਚ ਮਦਦ ਦੀ ਲੋੜ ਹੈ।

ਹੋਰ ਵੇਰਵੇ ਮਿਲਣ ਤੋਂ ਬਾਅਦ ਛੇਤੀ ਤੋਂ ਛੇਤੀ ਦੱਸੇ ਜਾਣਗੇ, ਅਤੇ ਸਵਾਲ **cleantrucking@portvancouver.com** 'ਤੇ ਕੀਤੇ ਜਾ ਸਕਦੇ ਹਨ।

OFFICE OF THE
BRITISH COLUMBIA CONTAINER
TRUCKING COMMISSIONER

1085 Cambie Street
Vancouver, BC
V6B 5L7
ਫੋਨ: (604) 660-6051  ਫੈਕਸ: (604) 660-6045
ਵੈੱਬ: obcctc.ca  ਈਮੇਲ: info@obcctc.ca

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਸਟਾਫ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ
9 ਵਜੇ ਤੋਂ ਬਾਅਦ ਦੁਪਹਿਰ 5 ਵਜੇ ਤੱਕ ਮੌਜੂਦ ਹੁੰਦਾ ਹੈ, ਵੀਕਇੰਡਜ਼ ਅਤੇ ਸਾਰੀਆਂ ਸਰਕਾਰੀ ਛੁੱਟੀਆਂ ਨੂੰ ਬੰਦ ਹੁੰਦਾ ਹੈ।